Alberta

# ਨਿਊਜ਼ ਰਿਲੀਜ਼

# ਨਵੇਂ ਆਇਆਂ ਦੀਆਂ ਕਾਮਯਾਬੀਆਂ ਨੂੰ ਮਾਨਤਾ ਦੇਣਾ

10 ਜੂਨ 2022

ਐਲਬਰਟਾ ਇਸ ਸੂਬੇ 'ਚ ਇਮੀਗਰੈਂਟਾਂ ਦੀਆਂ ਮਹੱਤਵਪੂਰਨ ਪ੍ਰਾਪਤੀਆਂ ਦੇ ਜਸ਼ਨ ਮਨਾਉਣ ਲਈ ਨਿਊਕਮਰ ਰੈਕੌਗੀਨਸ਼ਨ ਅਵਾਰਡ ਸ਼ੁਰੂ ਕਰ ਰਿਹਾ ਹੈ।

ਨਵੇਂ ਆਉਣ ਵਾਲੇ ਆਪਣੀਆਂ ਕਮਿਊਨਿਟੀਆਂ, ਸਕੂਲਾਂ ਅਤੇ ਕੰਮ ਵਾਲੀਆਂ ਥਾਵਾਂ 'ਤੇ ਕਾਰਜਸ਼ੀਲ ਰੋਲ ਨਿਭਾਉਣ ਅਤੇ ਆਪਣੇ ਖੁਦ ਦੇ ਬਿਜ਼ਨਸ ਸ਼ੁਰੂ ਕਰਨ ਦੁਆਰਾ ਐਲਬਰਟਾ ਦੀ ਆਰਥਿਕ ਰਿਕਵਰੀ 'ਚ ਯੋਗਦਾਨ ਪਾਉਂਦੇ ਹਨ। ਐਲਬਰਟਾ ਨਿਊਕਮਰ ਰੈਕੌਗਨੀਸ਼ਨ ਅਵਾਰਡ ਨਵੇਂ ਆਇਆਂ ਪ੍ਰਤਿ ਪ੍ਰਸ਼ੰਸਾ ਵਿਖਾਉਣ ਅਤੇ ਜਿੰਨ੍ਹਾਂ ਤਰੀਕਿਆਂ ਨਾਲ ਨਵੇਂ ਆਏ ਸਾਡੇ ਗੁਆਂਢ-ਭਾਈਚਾਰਿਆਂ, ਸਕੂਲਾਂ ਅਤੇ ਆਰਥਿਕਤਾ ਨੂੰ ਵਧੇਰੇ ਵਿਭਿੰਨ ਪ੍ਰਕਾਰ ਦੀ ਅਤੇ ਸੰਮਿਲਤ ਬਣਾਉਂਦੇ ਹਨ, ਉਨ੍ਹਾਂ ਬਾਰੇ ਲੋਕਾਂ ਨੂੰ ਜਾਣਕਾਰੀ ਦੇਣ ਲਈ ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਸਨਮਾਨ ਕਰਨਗੇ।

"ਨਵੇਂ ਆਉਂਣ ਵਾਲੇ ਸਾਡੇ ਸਮਾਜ ਵਿਚ ਵਡਮੁੱਲਾ ਯੋਗਦਾਨ ਪਾਉਂਦੇ ਹਨ। ਜਿਵੇਂ ਐਲਬਰਟਾ ਸਰਕਾਰ ਐਲਬਰਟਾ ਐਡਵਾਂਟੇਜ ਇੰਮੀਗਰੇਸ਼ਨ ਸਟ੍ਰੈਟਜੀ ਦੁਆਰਾ ਇੰਮੀਗਰੈਂਟਾਂ ਨੂੰ ਖਿੱਚਣਾ, ਜੀਅ ਆਇਆਂ ਕਹਿਣਾ ਅਤੇ ਰੱਖੀ ਰੱਖਣਾ ਜਾਰੀ ਰੱਖ ਰਹੀ ਹੈ, ਨਵੇਂ ਆਇਆਂ ਨੂੰ ਇਹ ਵਿਖਾਉਣਾ ਮਹੱਤਵਪੂਰਨ ਹੈ ਕਿ ਅਸੀਂ ਉਨ੍ਹਾਂ ਢੰਗ ਤਰੀਕਿਆਂ ਨੂੰ ਵੇਖਦੇ ਅਤੇ ਉਨ੍ਹਾਂ ਦੀ ਪ੍ਰਸ਼ੰਸਾ ਕਰਦੇ ਹਨ ਜਿੰਨ੍ਹਾਂ ਨਾਲ ਉਹ ਸਾਡੇ ਸੱਭਿਆਚਾਰਕ ਤਾਣੇ-ਬਾਣੇ ਨੂੰ ਵਧੇਰੇ ਮੁੱਲਵਾਨ ਬਣਾਉਂਦੇ, ਸਾਡੀ ਆਰਥਿਕਤਾ ਨੂੰ ਮਜ਼ਬੂਤ ਕਰਦੇ ਅਤੇ ਸਾਡੀਆਂ ਕਮਿਊਨਿਟੀਆਂ ਨੂੰ ਅਮੀਰ ਬਣਾਉਂਦੇ ਹਨ।"

*Kaycee Madu, ਮਿਨਿਸਟਰ ਆਫ ਲੇਬਰ ਐਂਡ ਇੰਮੀਗਰੇਸ਼ਨ*

ਨਾਮਜ਼ਦਗੀਆਂ 24 ਜੁਲਾਈ ਤੱਕ ਖੁੱਲ੍ਹੀਆਂ ਹਨ, ਅਤੇ ਕੋਈ ਵੀ ਕਿਸੇ ਨਵੇਂ ਆਏ ਵਿਅਕਤੀ ਨੂੰ ਨਾਮਜ਼ਦ ਕਰ ਸਕਦਾ ਹੈ ਜਿਸਨੇ ਵਾਲੰਟੀਅਰ ਕਾਰਜਾਂ, ਲੀਡਰਸ਼ਿੱਪ, ਬਿਜ਼ਨਸ 'ਚ ਨਵੀਨਪਣ, ਆਪਣੇ ਅਕਾਦਮਿਕ ਜਾਂ ਪ੍ਰੋਫੈਸ਼ਨਲ ਖੇਤਰ 'ਚ ਯੋਗਦਾਨ ਅਤੇ ਵਧੇਰੇ ਸੰਮਿਲਤ ਪ੍ਰਕਾਰ ਦਾ ਸੂਬਾ ਬਣਾਉਣ ਲਈ ਕਾਰਵਾਈਆਂ ਦੁਆਰਾ ਆਪਣੇ ਇਸ ਸੂਬੇ ਨੂੰ ਹੋਰ ਅਮੀਰ ਬਣਾਇਆ ਹੈ। ਨੌਜੁਆਨਾਂ, ਔਰਤਾਂ, ਸੀਨੀਅਰਾਂ, ਕਾਰੋਬਾਰੀਆਂ, ਸਿੱਖਿਆਧਾਰੀਆਂ, ਵਰਕਰਾਂ ਅਤੇ ਕਮਿਊਨਿਟੀ ਉਸਰੱਈਆਂ ਦੀਆਂ ਪ੍ਰਾਪਤੀਆਂ ਨੂੰ ਮਾਨਤਾ ਦੇਣ ਲਈ ਇਨਾਮਾਂ ਦੀਆਂ ਵੱਡੀ ਗਿਣਤੀ 'ਚ ਸ਼੍ਰੇਣੀਆਂ ਉਪਲਬਧ ਹਨ।

"ਮੈਨੂੰ ਇਸ ਸੂਬੇ ਭਰ 'ਚ ਨਵੇਂ ਆਇਆਂ ਨਾਲ ਮੁਲਾਕਾਤਾਂ ਕਰਨ ਦਾ ਮਾਣ ਹਾਸਲ ਹੋਇਆ ਹੈ ਅਤੇ ਮੈਂ ਉਨ੍ਹਾਂ ਦੀ ਦ੍ਰਿੜਤਾ, ਸਿਰਜਨਾਤਮਿਕਤਾ ਅਤੇ ਪੁਨਰ-ਸਥਾਪਨ ਤੋਂ

## ਸਬੰਧਤ ਜਾਣਕਾਰੀ

ਨਿਊਕਮਰ ਰੈਕੌਗੀਨਸ਼ਨ ਅਵਾਰਡਜ਼

## ਮਲਟੀਮੀਡੀਆ* (ਆਪਸ਼ਨਲ)

ਈਵੈਂਟ ਦੀ ਫ਼ੋਟੋ ਵੇਖੋ
ਨਿਊਜ਼ ਕਾਨਫਰੰਸ ਨੂੰ ਸੁਣੋ
ਨਿਊਜ਼ ਕਾਨਫਰੰਸ ਨੂੰ ਵੇਖੋ
* ਈਵੈਂਟ ਤੋਂ ਬਾਦ ਉਪਲਬਧ ਹੋਵੇਗਾ

## ਮੀਡੀਆ ਇਨਕੁਆਰੀਆਂ

Roy Dallmann
Roy.Dallmann@gov.ab.ca
587-873-7140
ਪ੍ਰੈੱਸ ਸੈਕਰੇਟਰੀ, ਇਮੀਗਰੇਸ਼ਨ ਐਂਡ ਮਲਟੀਕਲਚਰਲਿਜ਼ਮ

Classification: Protected A

ਲਗਾਤਾਰ ਪ੍ਰੇਰਤ ਹਾਂ। ਮੈਂ ਲੋਕਾਂ ਨੂੰ ਕਿਸੇ ਨਵੇਂ ਆਏ ਨੂੰ ਨਾਮਜ਼ਦ ਕਰਨ ਲਈ ਉਤਸ਼ਾਹਤ ਕਰਦਾ ਹਾਂ ਜਿਹੜਾ ਇਸ ਸੂਬੇ ਨੂੰ ਹੋਰ ਚੰਗੇਰਾ ਬਣਾਉਣ ਲਈ ਕੋਈ ਫਰਕ ਪਾ ਰਿਹਾ ਹੈ। ਇੰਨ੍ਹਾਂ ਇਨਾਮਾਂ ਰਾਹੀਂ ਅਸੀਂ ਨਵੇਂ ਆਇਆਂ ਦੇ ਪ੍ਰੋਫਾਈਲ ਅਤੇ ਐਲਬਰਟਾ ਨੂੰ ਖੁਸ਼ਹਾਲ ਅਤੇ ਅਭਿਨੰਦਨਕਾਰੀ ਸਥਾਨ ਬਣਾਉਣ 'ਚ ਉਨ੍ਹਾਂ ਵੱਲੋਂ ਨਿਭਾਏ ਜਾਂਦੇ ਰੋਲ ਨੂੰ ਉੱਚਾ ਚੁੱਕਾਂਗੇ।"
*Muhammad Yaseen, ਐਸੋਸੀਏਟ ਮਿਨਿਸਟਰ ਆਫ ਇੰਮੀਗਰੇਸ਼ਨ ਐਂਡ ਮਲਟੀਕਲਚਰਲਿਜ਼ਮ*

ਐਲਬਰਟਾ ਨਿਊਕਮਰ ਰੈਕੌਂਗਨੀਸ਼ਨ ਅਵਾਰਡਜ਼ ਦੀ ਸ਼ੁਰੂਆਤ ਦੁਆਰਾ ਐਲਬਰਟਾ ਸਰਕਾਰ ਸੱਭਿਆਚਾਰਕ ਭਾਈਚਾਰਿਆਂ ਨੂੰ ਆਪਣੀਆਂ ਕਹਾਣੀਆਂ ਅਤੇ ਐਲਬਰਟਾ ਭਰ 'ਚ ਆਪਣੀਆਂ ਕਾਮਯਾਬੀਆਂ ਸਾਂਝੀਆਂ ਕਰਨ ਲਈ ਉਤਸ਼ਾਹਤ ਕਰਦਿਆਂ ਬਹੁ-ਸੱਭਿਆਚਾਰਵਾਦ ਅਤੇ ਨਸਲਵਾਦ ਵਿਰੋਧੀ ਆਪਣੀਆਂ ਕਾਰਵਾਈਆਂ ਨੂੰ ਜਾਰੀ ਰੱਖ ਰਹੀ ਹੈ।

ਇਨਾਮਾਂ ਦਾ ਇਹ ਪ੍ਰੋਗਰਾਮ ਉਨ੍ਹਾਂ ਕਈ ਤਰੀਕਿਆਂ 'ਚੋਂ ਇਕ ਹੈ ਜਿੰਨ੍ਹਾਂ ਨਾਲ ਸਰਕਾਰ ਨਵੇਂ ਆਇਆਂ ਨੂੰ ਐਲਬਰਟਾ ਨੂੰ ਆਪਣਾ ਘਰ ਆਖ ਸਕਣ ਅਤੇ ਨਸਲਵਾਦ ਨਾਲ ਲੜਨ 'ਚ ਸਹਾਇਤਾ ਕਰ ਰਹੀ ਹੈ। ਫੇਅਰਨੈੱਸ ਫਾਰ ਨਿਊਕਮਰਜ਼ ਆਫਿਸ ਰਾਹੀਂ ਐਲਬਰਟਾ ਵਿਦੇਸ਼ੀ ਪ੍ਰਮਾਣ-ਪੱਤਰਾਂ (ਡਿਗਰੀਆਂ) ਦੀ ਮਾਨਤਾ 'ਚ ਆਉਂਦੀਆਂ ਰੁਕਾਵਟਾਂ ਨੂੰ ਮਿਟਾਉਣ ਦੁਆਰਾ ਨਵੇਂ ਆਇਆਂ ਨੂੰ ਵਧੇਰੇ ਤੇਜ਼ੀ ਨਾਲ ਮੁੜ ਕੰਮ 'ਤੇ ਲਗਾ ਰਿਹਾ ਹੈ - ਜਿਸ ਨਾਲ ਲੋਕਾਂ ਨੂੰ ਆਪਣੀਆਂ ਮੁਕੰਮਲ ਸੰਭਾਵਨਾਂ ਤੱਕ ਪਹੁੰਚਣ ਲਈ ਆਪਣੀ ਵਿਦਿਆ ਅਤੇ ਤਜ਼ਰਬੇ ਦਾ ਫਾਇਦਾ ਲੈਣ 'ਚ ਮਦਦ ਮਿਲਦੀ ਹੈ।

ਐਲਬਰਟਾ ਦੀ ਰਿਕਵਰੀ ਪਲੈਨ ਦੇ ਇਕ ਭਾਗ ਵਜੋਂ ਸਰਕਾਰ ਲੋਕਾਂ ਲਈ ਐਲਬਰਟਾ 'ਚ ਆਉਣ, ਕਮਿਊਨਿਟੀਆਂ 'ਚ ਸਥਾਪਤ ਹੋਣ, ਬਿਜ਼ਨਸ ਸ਼ੁਰੂ ਕਰਨ ਅਤੇ ਵਧੇਰੇ ਜੌਬਾਂ ਪੈਦਾ ਕਰਨ ਦੇ ਮੌਕੇ ਵੀ ਪੈਦਾ ਕਰ ਰਹੀ ਹੈ। ਇੰਮੀਗਰੇਸ਼ਨ ਦੀਆਂ ਦੋ ਨਵੀਂਆਂ ਧਾਰਾਵਾਂ ਦੁਆਰਾ ਸਰਕਾਰ ਰੁਕਾਵਟਾਂ ਹਟਾਉਣ ਅਤੇ ਸਥਾਨਕ ਕਮਿਊਨਿਟੀਆਂ 'ਚ ਜੌਬਾਂ ਪੈਦਾ ਕਰਨ ਵਾਲੇ ਇੰਮੀਗਰੈਂਟਾਂ ਨੂੰ ਜੀ ਆਇਆਂ ਕਹਿਣ ਦੀਆਂ ਨੀਹਾਂ ਧਰਨ ਦੁਆਰਾ ਪੇਂਡੂ ਐਲਬਰਟਾ ਨੂੰ ਮੁੜ-ਜੀਵਿੰਤ ਕਰਨ 'ਚ ਵੀ ਮਦਦ ਕਰ ਰਹੀ ਹੈ।

**ਫੌਰੀ ਤੱਥ**

- ਨਾਮਜ਼ਦਗੀਆਂ 24 ਜੁਲਾਈ ਤੱਕ ਖੱਲ੍ਹੀਆਂ ਹਨ।
- ਇਨਾਮਾਂ 'ਚ ਨੌਂ ਸ਼੍ਰੇਣੀਆਂ ਸ਼ਾਮਲ ਹਨ: ਸ਼ਾਮਲ ਕਮਿਊਨਿਟੀਜ਼ ਐਨਹਾਂਸਮੈਂਟ ਅਵਾਰਡ, ਇੰਨਕਲੂਸਿਵ ਵਰਕਪਲੇਸਜ਼ ਅਵਾਰਡ, ਐਂਟਰਪ੍ਰੀਨਿਊਰੀਅਲ ਸਪਿਰਟ ਅਵਾਡਰ, ਯੰਗ ਲੀਡਰ ਅਵਾਰਡ, ਨਿਊਕਮਰ ਚੈਂਪੀਅਨ ਅਵਾਰਡ, ਕਰੀਅਰ ਐਂਡ

ਅਕੈਡਮਿਕਸ ਕੰਟਰੀਬਿਊਸ਼ਨ ਅਵਾਰਡ, ਸਟੂਡੈਂਟ ਇੰਸਪੀਰੇਸ਼ਨ ਅਵਾਰਡ, ਵੂਮੈੱਨ ਨਿਊਕਮਰ ਇੰਮਪੈਕਟ ਅਵਾਰਡ ਅਤੇ ਸੀਨੀਅਰ ਸਪਿਰਟ ਅਵਾਰਡ।

- ਨਾਮਜ਼ਦਗੀਆਂ ਜ਼ਰੂਰੀ ਤੌਰ 'ਤੇ ਇਕ ਆਨਲਾਈਨ ਪੋਰਟਲ ਦੁਆਰਾ ਦਾਖਲ ਕੀਤੀਆਂ ਜਾਣ।
- ਯੋਗ ਬਣਨ ਵਾਸਤੇ ਨਾਮਜ਼ਦਗੀ ਕਰਨ ਵਾਲਾ ਜ਼ਰੂਰ:.
  - ਇਕ ਵਿਅਕਤੀ ਹੋਵੇ (ਕੋਈ ਗਰੁੱਪ ਜਾਂ ਸੰਸਥਾ ਨਹੀਂ)
  - ਐਲਬਰਟਾ ਸਰਕਾਰ ਦੇ ਉਸੇ ਹੀ ਇਨਾਮ ਦਾ ਪਹਿਲਾਂ ਦਾ ਕੋਈ ਪ੍ਰਾਪਤ-ਕਰਤਾ ਨਾ ਹੋਵੇ
  - ਕੈਨੇਡਾ ਤੋਂ ਬਾਹਰ ਜਨਮਿਆ ਹੋਵੇ (ਪਰੰਤੂ ਕੈਨੇਡਾ 'ਚ ਕਈ ਸਾਲਾਂ ਤੋਂ ਰਹਿੰਦਾ ਰਿਹਾ ਹੋ ਸਕਦਾ ਹੈ)
  - ਕੈਨੇਡਾ ਦਾ ਪੱਕਾ ਵਸਨੀਕ ਜਾਂ ਸਿਟੀਜ਼ਨ ਹੋਵੇ
  - ਕੋਈ ਅਪਰਾਧਿਕ ਸਜ਼ਾ ਨਾ ਹੋਈ ਹੋਵੇ ਜਿਸ ਲਈ ਮੁਆਫੀ ਨਾ ਮਿਲੀ ਹੋਵੇ
  - ਕੋਈ ਚੁਣਿਆ ਹੋਇਆ ਅਧਿਕਾਰੀ ਨਾ ਹੋਵੇ
  - ਨਾਮਜ਼ਦਗੀ ਦੇ ਸਮੇਂ ਐਲਬਰਟਾ 'ਚ ਰਹਿੰਦਾ ਹੋਵੇ
  - ਐਲਬਰਟਾ 'ਚ ਕੋਈ ਯੋਗਦਾਨ ਪਾਏ ਹੋਣ

